# ਜੇ ਮੈਂ ਵੀਡੀਯੂ ਤੇ ਕੰਮ ਕਰਦਾ ਹੋਵਾਂ ਤਾਂ ਕੀ ਮੈਂ ਨਜ਼ਰ ਟੈਸਟ ਕਰਵਾ ਸਕਣ ਦਾ ਪਾਤਰ ਹਾਂ? (Am I entitled to an eyesight test if I work on a VDU?)

ਵੀਡੀਯੂ ਦੇ ਕੰਮ ਨੂੰ ਕਵਰ ਕਰਨ ਵਾਲੀਆਂ ਰੈਗੂਲੇਸ਼ਨਾ ਹੈਲਥ ਐਂਡ ਸੇਫਟੀ (ਡਿਸਪਲੇਅ ਸਕ੍ਰੀਨ ਇਕਯੁਪਮੈਂਟ) ਰੈਗੂਲੇਸ਼ਨਜ 1992 ਹਨ।

ਰੈਗੂਲੇਸ਼ਨ 5 ਅਈਸਾਈਟ ਟੈਸਟਸ (ਨਜ਼ਰ ਦੇ ਟੈਸਟ) ਪ੍ਰਦਾਨ ਕਰਨ ਬਾਰੇ ਮਾਲਕਾਂ ਦੀ ਜ਼ਿੰਮੇਵਾਰੀ ਨੂੰ ਕਵਰ ਕਰਦੀ ਹੈ ਅਤੇ ਬਿਆਨ ਕਰਦੀ ਹੈ:

ਜਿੱਥੇ ਕੋਈ ਵਿਅਕਤੀ -

- ਇਨ੍ਹਾਂ ਰੈਗੂਲੇਸ਼ਨਾ ਦੇ ਲਾਗੂ ਹੋਣ ਦੀ ਤਰੀਕ ਤੋਂ ਪਹਿਲਾਂ ਤੋਂ ਹੀ ਵੀਡੀਯੂ ਦੀ ਵਰਤੋਂ ਕਰ ਰਿਹਾ ਹੋਵੇ; ਜਾਂ
- ਉਹ ਕਰਮਚਾਰੀ ਜੋ ਹੁਣ ਤਾਂ ਆਪਣੇ ਕੰਮ ਦੌਰਾਨ ਡਿਸਪਲੇਅ ਸਕ੍ਰੀਨ ਇਕਯੁਪਮੈਂਟ ਦੀ ਬਹੁਤੀ ਵਰਤੋਂ ਨਹੀਂ ਕਰਦਾ ਪਰ ਆਉਣ ਵਾਲੇ ਸਮੇਂ ਵਿਚ ਉਸਨੂੰ ਆਪਣੇ ਕੰਮ ਵਿਚ ਇਸਦੀ ਵਰਤੋਂ ਕਰਨੀ ਪਵੇਗੀ।

ਉਥੇ ਉਸਦੇ ਮਾਲਕ ਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਉਸਦੇ ਮੰਗ ਕਰਨ ਉਤੇ ਉਸਦੀਆਂ ਅੱਖਾਂ ਅਤੇ ਨਜ਼ਰ, ਅਤੇ ਇਸ ਤਰਾਂ ਦਾ ਕੋਈ ਹੋਰ ਟੈਸਟ ਕਿਸੇ ਮਾਹਿਰ ਵਿਅਕਤੀ ਕੋਲੋਂ ਕਰਵਾਇਆ ਜਾਵੇ।

ਗਾਈਡੈਂਸ ਵਿਚ ਬਿਆਨ ਕੀਤਾ ਗਿਆ ਹੈ:
ਮੰਗ ਕਰਨ ਉਤੇ ਅੱਖਾਂ ਅਤੇ ਨਜ਼ਰ ਦੇ ਟੈਸਟ ਦੀ ਸੁਵਿਧਾ ਪ੍ਰਦਾਨ ਕਰਨੀ ਮਾਲਕ ਦਾ ਫਰਜ਼ ਹੈ:

- ਉਨ੍ਹਾਂ ਕਰਮਚਾਰੀਆਂ ਨੂੰ ਜੋ ਇਹ ਰੈਗੂਲੇਸ਼ਨਾ ਲਾਗੂ ਹੋਣ ਤੋਂ ਪਹਿਲਾਂ ਤੋਂ ਹੀ ਇਸਦੀ ਵਰਤੋਂ ਕਰ ਰਹੇ ਹੋਣ;
- ਅਤੇ (ਉਸਤੋਂ ਬਾਅਦ) ਇਸਦੀ ਵਰਤੋਂ ਨਾ ਕਰਨ ਵਾਲੇ ਕਰਮਚਾਰੀਆਂ ਨੂੰ ਜੋ ਇਸ ਦੀ ਵਰਤੋਂ ਕਰਨਾ ਸ਼ੁਰੂ ਕਰਨ ਵਾਲੇ ਹੋਣ।

ਇਹ ਰੈਗੂਲੇਸ਼ਨਾ ਮਾਲਕਾਂ ਉਤੇ ਉਨ੍ਹਾਂ ਵਾਸਤੇ ਕੰਮ ਨਾ ਕਰ ਰਹੇ ਲੋਕਾਂ, ਜਿਵੇਂ ਕਿ ਨੌਕਰੀ ਲਈ ਅਰਜ਼ੀ ਦੇਣ ਵਾਲਿਆ, ਲਈ ਅੱਖਾਂ ਅਤੇ ਨਜ਼ਰ ਦੇ ਟੈਸਟ ਦਾ ਫਰਜ਼ ਨਹੀਂ ਥੋਪਦੀਆਂ। ਪਰ, ਜੇ ਕੋਈ ਵਿਅਕਤੀ ਭਰਤੀ ਕਰ ਲਿਆ ਜਾਂਦਾ ਹੈ ਅਤੇ ਉਸਨੇ ਡਿਸਪਲੇਅ ਸਕ੍ਰੀਨ ਇਕਯੁਪਮੈਂਟ ਨਾਲ ਇਸ ਹੱਦ ਤੱਕ ਕੰਮ ਕਰਨਾ ਹੈ ਕਿ ਉਸਨੂੰ ਇਸਦੀ ਵਰਤੋਂ ਕਰਨ ਵਾਲਾ ਮੰਨ ਲਿਆ ਜਾਵੇ ਤਾਂ ਰੈਗੂਲੇਸ਼ਨ 5(1)(ਬੀ) ਲਾਗੂ ਹੋ ਜਾਂਦੀ ਹੈ। ਇਸ ਕਰਕੇ ਜੇ ਇਸ ਤਰਾਂ ਦਾ ਨਵਾਂ ਭਰਤੀ ਕੀਤਾ ਗਿਆ ਕਰਮਚਾਰੀ – ਚਾਹੇ ਉਹ ਇਸ ਸਮਾਨ ਦੀ ਵਰਤੋਂ ਕਿਸੇ ਹੋਰ ਥਾਂ ਆਪਣੀ ਪਿਛਲੀ ਨੌਕਰੀ ਦੌਰਾਨ ਕਰਦਾ ਸੀ ਜਾਂ ਨਹੀ – ਜੇ ਇਸਦੀ ਮੰਗ ਕਰੇ ਤਾਂ ਉਸਦੇ ਨਵੇਂ ਮਾਲਕ ਵਲੋਂ ਅੱਖਾਂ ਅਤੇ ਨਜ਼ਰ ਦੇ ਉਚਿਤ ਟੈਸਟ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਰੈਗੂਲੇਸ਼ਨ 5(2)(ਬੀ) ਦੀ ਮੰਗ ਅਨੁਸਾਰ ਨਵੇਂ ਭਰਤੀ ਕੀਤੇ ਗਏ ਕਰਮਚਾਰੀ ਦਾ ਇਹ ਟੈਸਟ ਉਸਦੇ ਇਹ ਸਮਾਨ ਵਰਤਣ ਵਾਲਾ ਬਨਣ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਇਸਦਾ ਮਤਲਬ ਇਹ ਨਹੀਂ ਕਿ ਨਵੇਂ ਭਰਤੀ ਕੀਤੇ ਗਏ ਵਿਅਕਤੀ ਨੂੰ ਡਿਸਪਲੇਅ ਸਕ੍ਰੀਨ ਦਾ ਕੋਈ ਵੀ ਕੰਮ ਕਰਨ ਤੋਂ ਪਹਿਲਾਂ (ਉਸ ਵਲੋਂ ਮੰਗ ਕਰਨ ਤੇ) ਇਹ ਟੈਸਟ ਕਰਵਾਉਣਾ ਜ਼ਰੂਰੀ ਹੈ, ਪਰ ਜੇ ਉਹ ਆਪਣੇ ਸਧਾਰਨ ਕੰਮ ਦੌਰਾਨ ਇਸਦੀ ਵਰਤੋਂ ਕਾਫੀ ਸਮੇਂ ਤੱਕ ਕਰਨੀ ਹੈ ਤਾਂ ਉਨ੍ਹਾਂ ਦਾ ਟੈਸਟ ਕਰਵਾਉਣਾ ਜ਼ਰੂਰੀ ਹੈ।

**ਹਵਾਲੇ**

L26, Display screen equipment work, (ISBN 0717625826 – ਐਚਐਸਈ ਬੁਕਸ ਤੋਂ ਉਪਲੱਬਧ ਹੈ)

- **Working with VDU's' - free leaflet**